ਮਿੱਠੇ ਬੱਚੇ:- "ਮਿੱਠੇ ਬੱਚੇ :- ਦਾਨ ਸਦਾ ਪਾਤਰ ਨੂੰ ਦੇਣਾ ਹੈ, ਫਾਲਤੂ ਸਮਾਂ ਵੇਸਟ ਨਹੀਂ ਕਰਨਾ ਹੈ। ਹਰੇਕ ਦੀ ਨਬਜ ਦੇਖੋ ਕਿ ਸੁਣਦੇ ਸਮੇਂ ਉਸਦੀ ਵਿਰਤੀ ਕਿੱਥੇ ਜਾਂਦੀ ਹੈ।"

ਪ੍ਰਸ਼ਨ:- ਪ੍ਰਸ਼ਨ:- ਪਾਵਨ ਦੁਨੀਆ ਵਿਚ ਚੱਲਣ ਲਈ ਤੁਸੀਂ ਬੱਚੇ ਭਾਰੀ ਪਰਹੇਜ ਕਰਦੇ ਹੋ, ਤੁਹਾਡੀ ਪਰਹੇਜ ਕੀ ਹੈ?

ਉੱਤਰ:- ਗ੍ਰਹਿਸਤ ਵਿਵਹਾਰ ਵਿਚ ਕਮਲ ਫੁੱਲ ਦੇ ਵਾਂਗੂ ਰਹਿਣਾ ਹੀ ਸਭ ਤੋਂ ਵੱਡਾ ਪਰਹੇਜ ਹੈ। ਸਾਡਾ ਤਿਆਗ ਹੈ ਸਾਰੀ ਬੇਹੱਦ ਪੁਰਾਣੀ ਦੁਨੀਆ ਦਾ। ਇਕ ਅੱਖ ਵਿਚ ਹੈ ਸਵੀਟ ਹੋਮ ਅਤੇ ਦੂਜੀ ਅੱਖ ਵਿਚ ਹੈ ਸਵੀਟ ਰਾਜਧਾਨੀ- ਇਸ ਪੁਰਾਣੀ ਦੁਨੀਆ ਨੂੰ ਵੇਖਦੇ ਹੋਏ ਵੀ ਨਹੀਂ ਵੇਖਣਾ ਹੈ- ਇਹ ਹੈ ਵੱਡੀ ਪਰਹੇਜ, ਇਸੇ ਪਰਹੇਜ ਨਾਲ ਪੁਰਾਣੀ ਦੁਨੀਆ ਵਿਚ ਚਲੇ ਜਾਂਦੇ ਹਾਂ।

ਗੀਤ:- ਧੀਰਜ ਧਰ ਮਨੂਆ...

ਓਮ ਸ਼ਾਂਤੀ। ਗੀਤ ਸੁਣਨ ਨਾਲ ਹੀ ਬੱਚਿਆਂ ਨੂੰ ਖੁਸ਼ੀ ਦਾ ਪਾਰਾ ਚੜਨਾ ਚਾਹੀਦਾ ਹੈ। ਕਿਉਂਕਿ ਦੁਨੀਆ ਵਿਚ ਦੁੱਖ ਤਾਂ ਹੈ ਹੀ। ਮਨੁੱਖ ਮਾਤਰ ਹੈ ਹੀ ਨਾਸਤਿਕ, ਕਿਉਂਕਿ ਬਾਪ ਨੂੰ ਨਹੀਂ ਜਾਣਦੇ। ਹੁਣ ਤੁਸੀਂ ਨਾਸਤਿਕ ਤੋਂ ਆਸਤਿਕ ਬਣ ਰਹੇ ਹੋ। ਤੁਸੀਂ ਬੱਚੇ ਜਾਣਦੇ ਹੋ ਕੇ ਸਾਡੇ ਸੁਖ ਦੇ ਦਿਨ ਆ ਰਹੇ ਹਨ। ਕਿਤੇ ਵੀ ਤੁਸੀਂ ਜਾਂਦੇ ਹੋ ਤਾਂ ਪਹਿਲੇ- ਪਹਿਲੇ ਤੁਸੀਂ ਆਪਣਾ ਪਰਿਚੇ ਦੇਵੋ ਅਸੀਂ ਆਪਣੇ ਆਪ ਨੂੰ ਬ੍ਰਹਮਾ ਕੁਮਾਰ-ਕੁਮਾਰੀਆਂ ਕਿਓਂ ਕਹਿਲਾਉਂਦੇ ਹਾਂ। ਬ੍ਰਹਮਾ ਹੈ ਸ਼ਿਵਬਾਬਾ ਦਾ ਬੱਚਾ। ਉੱਚ ਤੇ ਉੱਚ ਉਸ ਨਿਰਾਕਾਰ ਨੂੰ ਕਿਹਾ ਜਾਂਦਾ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਤਾਂ ਉਨ੍ਹਾਂ ਦੇ ਬੱਚੇ ਹਨ। ਵਿਸ਼ਨੂੰ ਅਤੇ ਸ਼ੰਕਰ ਨੂੰ ਕਦੇ ਪ੍ਰਜਾਪਿਤਾ ਨਹੀਂ ਕਹਾਂਗੇ। ਪ੍ਰਜਾਪਿਤਾ ਬ੍ਰਹਮਾ ਇਥੇ ਹੈ, ਦੇਖੋ ਇਹ ਪੁਆਇੰਟ ਚੰਗੀ ਤਰ੍ਹਾਂ ਧਾਰਨ ਕਰੋ। ਲਕਸ਼ਮੀ - ਨਰਾਇਣ ਰਾਧੇ ਕ੍ਰਿਸ਼ਨ ਨੂੰ ਪ੍ਰਜਾਪਿਤਾ ਨਹੀਂ ਕਹਾਂਗੇ। ਪ੍ਰਜਾਪਿਤਾ ਨਾਮ ਮਸ਼ਹੂਰ ਹੈ। ਇਹ ਹੈ ਪ੍ਰਜਾਪਿਤਾ ਸਾਕਾਰ। ਹੁਣ ਸਵਰਗ ਦਾ ਰਚਿਯਤਾ ਹੈ ਪਰਮਪਿਤਾ ਪਰਮਾਤਮਾ ਸ਼ਿਵ। ਸਵਰਗ ਦਾ ਰਚਿਯਤਾ ਪ੍ਰਜਾਪਿਤਾ ਬ੍ਰਹਮਾ ਨਹੀਂ ਹੈ, ਨਿਰਾਕਾਰ ਪਰਮਪਿਤਾ ਪਰਮਾਤਮਾ ਹੀ ਆਕੇ ਪ੍ਰਜਾਪਿਤਾ ਬ੍ਰਹਮਾ ਦਵਾਰਾ ਸਵਰਗ ਰਚਦੇ ਹਨ। ਅਸੀਂ ਓਹਨਾ ਦੇ ਬੱਚੇ ਕਿੰਨੇ ਢੇਰ ਹਾਂ। ਆਤਮਾਵਾਂ ਤਾਂ ਹੈ ਹੀ ਪਰਮਾਤਮਾ ਸ਼ਿਵ ਦੀ ਸੰਤਾਨ। ਸਮਝਾਉਣ ਦਾ ਬੜਾ ਵਧੀਆ ਤਰੀਕਾ ਚਾਹੀਦਾ ਹੈ। ਬੋਲੋ, ਸਾਨੂੰ ਉਹ ਰਾਜਯੋਗ ਸਿਖਾਉਂਦੇ ਹਨ। ਸ੍ਰਿਸ਼ਟੀ ਦੇ ਆਦਿ , ਮਧ, ਅੰਤ ਦਾ ਰਾਜ਼ ਸਮਝਾਉਂਦੇ ਹਨ। ਤਾਂ ਪਹਿਲਾਂ ਇਹ ਬ੍ਰਹਮਾ ਸੁਣ ਲੈਂਦੇ ਹਨ। ਜਗਤ ਅੰਬਾ ਵੀ ਸੁਣ ਲੈਂਦੀ ਹੈ। ਅਸੀਂ ਹਾਂ ਬੀ.ਕੇ. । ਗਾਇਆ ਵੀ ਜਾਂਦਾ ਹੈ ਕੰਨਿਆ ਉਹ ਜੋ 21 ਕੁੱਲ ਤਾਰੇ। 21 ਜਨਮ ਦਾ ਸੁਖ ਦੇਵੇ। ਅਸੀਂ ਪਰਮਪਿਤਾ ਪਰਮਾਤਮਾ ਤੋਂ 21 ਜਨਮ ਦਾ ਸਤਿਯੁਗ - ਤ੍ਰੇਤਾ ਵਿਚ ਸੁਖ ਪਾਉਣ ਲਈ ਵਰਸਾ ਲੈਂਦੇ ਹਾਂ। ਬਰੋਬਰ ਸਤਿਯੁਗ - ਤ੍ਰੇਤਾ ਵਿਚ ਭਾਰਤ ਸਦਾ ਸੁਖੀ ਸੀ, ਪਵਿੱਤਰਤਾ ਵੀ ਸੀ, ਤਾਂ ਉਹ ਸਾਡਾ ਬਾਬਾ ਹੈ, ਇਹ ਹੈ ਦਾਦਾ। ਹੁਣ ਜਿਸਦੇ ਕੋਲ ਇਤਨੇ ਬੱਚੇ ਹਨ, ਉਸਨੂੰ ਤਾਂ ਕੋਈ ਪਰਵਾਹ ਨਹੀਂ ਹੈ। ਕਿੰਨੇ ਉਨ੍ਹਾਂ ਦੇ ਬੱਚੇ ਹਨ! ਸਾਨੂੰ ਬ੍ਰਹਮਾ ਦਵਾਰਾ ਸ਼ਿਵਬਾਬਾ ਰਾਜਯੋਗ ਸਿਖਾਉਂਦੇ ਹਨ। ਉਸ ਬੇਹੱਦ ਦੇ ਬਾਪ ਤੋਂ ਸਾਨੂੰ ਵਰਸਾ ਮਿਲਦਾ ਹੈ। ਸਾਰੀ ਦੁਨੀਆ ਪਤਿਤ ਹੈ। ਉਸਨੂੰ ਪਾਵਨ ਕਰਨ ਵਾਲਾ ਇਕ ਬਾਪ ਹੈ। ਪੁਰਾਣੀ ਦੁਨੀਆ ਨੂੰ ਬਦਲਣ ਵਾਲਾ, ਸਵਰਗ ਦਾ ਰਚਿਯਤਾ ਉਹ ਸਤਿਗੁਰੂ ਹੈ, ਸਰਵ ਦਾ ਸਦਗਤੀ ਦਾਤਾ। ਨਵੀਂ ਦੁਨੀਆ ਵਿਚ ਹੈ ਲਕਸ਼ਮੀ - ਨਰਾਇਣ ਦਾ ਰਾਜ। ਭਾਰਤ ਵਿਚ ਜੋ ਦੇਵੀ ਦੇਵਤਿਆਂ ਦਾ ਰਾਜ ਸੀ, ਉਹ ਹੀ 84 ਜਨਮ ਲੈਂਦੇ ਹਨ। ਫਿਰ ਵਰਣ ਵੀ ਦਸਣੇ ਹਨ। ਟਾਈਮ ਪਹਿਲਾਂ ਤੋਂ ਲੈਣਾ ਚਾਹੀਦਾ ਹੈ। ਬੋਲੋ ਇਨ੍ਹਾਂ ਗੱਲਾਂ ਨੂੰ ਦਿਲ ਲਗਾ ਕੇ ਚੰਗੀ ਤਰ੍ਹਾਂ ਸੁਣੋ। ਬੁੱਧੀ ਨੂੰ ਨਾ ਭਟਕਾਓ। ਭਾਈ ਜੀ, ਜਾਂ ਭੈਣ ਜੀ ਤੁਸੀਂ ਸਾਰੇ ਅਸਲ ਵਿਚ ਸ਼ਿਵ ਦੀ ਸੰਤਾਨ ਹੋ। ਪ੍ਰਜਾਪਿਤਾ ਬ੍ਰਹਮਾ ਤਾਂ ਸਾਰੇ ਸਿਜਰੇ ਦਾ ਹੈਡ ਹੋਇਆ। ਅਸੀਂ ਬ੍ਰਹਮਾ ਮੁਖ ਵੰਸ਼ਾਵਲੀ ਬ੍ਰਾਹਮਣ ਉਨ੍ਹਾਂ ਤੋਂ ਵਰਸਾ ਲੈ ਰਹੇ ਹਾਂ। ਯੋਗਬਲ ਨਾਲ ਵਿਸ਼ਵ ਦਾ ਰਾਜ ਪਾਉਂਦੇ ਹਾਂ ਨਾ ਕਿ ਭੁਜਾਵਾਂ ਦੀ ਸ਼ਕਤੀ ਨਾਲ। ਅਸੀਂ ਘਰਬਾਰ ਨਹੀਂ ਛੱਡਦੇ, ਅਸੀਂ ਤਾਂ ਆਪਣੇ ਘਰ ਵਿਚ ਰਹਿੰਦੇ ਹਾਂ। ਇਹ ਸਕੂਲ ਹੈ, ਮਨੁੱਖ ਤੋਂ ਦੇਵਤਾ ਬਣਨ ਦਾ। ਮਨੁੱਖ ਕੋਈ ਦੇਵਤਾ ਬਣਾ ਨਾ ਸਕੇ। ਇਹ ਦੁਨੀਆ ਹੀ ਪਤਿਤ ਹੈ। ਪਾਣੀ ਦੀ ਗੰਗਾ ਤਾਂ ਪਤਿਤ - ਪਾਵਨੀ ਨਹੀਂ ਹੈ। ਬਾਰ-ਬਾਰ ਉਸ ਵਿਚ ਸਨਾਨ ਕਰਨ ਜਾਂਦੇ ਹਨ ਪਰ ਪਾਵਨ ਤਾਂ ਬਣਦੇ ਨਹੀਂ। ਇਵੇਂ ਹੀ ਰਾਵਣ ਦਾ ਮਿਸਾਲ ਹੈ। ਬਾਰ-ਬਾਰ ਸਾੜਦੇ ਪਰ ਰਾਵਣ ਮਰਦਾ ਹੀ ਨਹੀਂ ਹੈ। ਇਹ ਰਾਵਣ ਵਾਲਾ ਪੋਸਟਰ ਵੀ ਲੈ ਜਾਣਾ ਚਾਹੀਦਾ ਹੈ। ਕੋਈ ਵੱਡੀ ਜਗ੍ਹਾ ਜਾਓ ਤਾਂ ਐਲਬਮ ਵੀ ਲੈ ਜਾਣਾ ਚਾਹੀਦਾ ਹੈ, ਦੇਖੋ ਇਹ ਸਭ ਬੱਚੇ ਹਨ। ਸਾਰਿਆਂ ਨੇ ਪਵਿੱਤਰ ਰਹਿਣ ਦੀ ਪ੍ਰਤਿਗਿਆ ਕੀਤੀ ਹੋਈ ਹੈ। ਅਸਲ ਵਿਚ ਸਾਰੇ ਬ੍ਰਹਮਾ ਦੇ ਬੱਚੇ ਹਨ। ਪ੍ਰਜਾਪਿਤਾ ਬ੍ਰਹਮਾ ਸਿਜਰੇ ਦਾ ਹੈਡ ਹੈ। ਇਸ ਵੇਲੇ ਪ੍ਰੈਕਟੀਕਲ ਵਿਚ ਅਸੀਂ ਬ੍ਰਹਮਾ ਕੁਮਾਰ-ਕੁਮਾਰੀਆ ਹਾਂ, ਹੋ ਤੁਸੀਂ ਵੀ ਪਰ ਪਹਿਚਾਣਦੇ ਨਹੀਂ ਹੋ । ਹੁਣ ਇਸ ਵੇਲੇ ਦੁਨੀਆ ਵਿਚ ਕੋਈ ਸੱਚਾ ਬ੍ਰਾਹਮਣ ਨਹੀਂ ਹੈ। ਸੱਚੇ ਬ੍ਰਾਹਮਣ ਤਾਂ ਅਸੀਂ ਹਾਂ। ਰਾਜ ਵੀ ਅਸੀਂ ਪਾਉਂਦੇ ਹਾਂ, ਫਿਰ ਇਹ ਹੈ ਬ੍ਰਾਹਮਣਾ ਦਾ ਸਿਜਰਾ। ਬ੍ਰਾਹਮਣ ਹਨ ਚੋਟੀ। ਬੱਚਿਆਂ ਨੂੰ ਸਮਝਾਇਆ ਜਾਂਦਾ ਹੈ ਸ਼੍ਰੀਕ੍ਰਿਸ਼ਨ ਭਗਵਾਨ ਨਹੀਂ ਹੈ। ਉਹ ਤਾਂ ਪੂਰੇ 84 ਜਨਮ ਲੈਂਦੇ ਹਨ। 84 ਜਨਮ ਪੂਰੇ ਹੁੰਦੇ ਹੀ ਫਿਰ ਦੇਵਤਾ ਬਣਨਾ ਹੈ। ਦੇਵਤਾ ਕੌਣ ਬਣਾਏ। ਬਾਪ ਬਣਾਉਂਦੇ ਹਨ। ਅਸੀਂ ਉਨ੍ਹਾਂ ਤੋਂ ਰਾਜਯੋਗ ਸਿੱਖ ਰਹੇ ਹਾਂ। ਉਨ੍ਹਾਂ ਦੀ ਮਹਿਮਾ ਹੈ ਇਕ ਓਂਕਾਰ। ਉਹ ਹਨ ਨਿਰਾਕਾਰ, ਨਿਰਹੰਕਾਰੀ ਉਨ੍ਹਾਂ ਨੂੰ ਆਕੇ ਸਰਵਿਸ ਕਰਨੀ ਪੈਂਦੀ ਹੈ। ਪਤਿਤ ਦੁਨੀਆ ਅਤੇ ਪਤਿਤ ਸ਼ਰੀਰ ਵਿਚ ਆਉਂਦੇ ਹਨ। ਹੁਣ ਉਹ ਗੀਤਾ ਐਪੀਸੋਡ ਰਪੀਟ ਹੋ ਰਿਹਾ ਹੈ। ਮਹਾਭਾਰੀ ਲੜਾਈ ਲੱਗੀ ਸੀ। ਸਭ ਮੱਛਰਾਂ ਦੀ ਤਰ੍ਹਾਂ ਗਏ ਸਨ। ਹੁਣ ਉਹ ਹੀ ਸਮਾ ਹੈ। ਪਰਮਪਿਤਾ ਪਰਮਾਤਮਾ

ਸ਼ਿਵ ਭਗਵਾਨੁਵਾਚ ਹੈ, ਉਹ ਹੈ ਰਚਿਅਤਾ। ਸਵਰਗ ਵਿਚ ਲਕਸ਼ਮੀ ਨਰਾਇਣ ਦਾ ਰਾਜ ਸੀ। ਸ੍ਰਿਸ਼ਟੀ ਨੂੰ ਸਤੋਪ੍ਰਧਾਨ ਬਣਾਉਨਾ ਬਾਪ ਦਾ ਹੀ ਕ੍ਰਤਵਿਆ ਹੈ। ਅਸੀਂ ਉਨ੍ਹਾਂ ਨੂੰ ਬਾਬਾ- ਬਾਬਾ ਕਹਿੰਦੇ ਹਾਂ। ਉਹ ਆਉਂਦੇ ਜਰੂਰ ਹਨ, ਸ਼ਿਵਰਾਤ੍ਰੀ ਵੀ ਹੈ। ਇਸ ਦਾ ਅਰਥ ਵੀ ਦੱਸਣਾ ਚਾਹੀਦਾ ਹੈ। ਪੁਆਇੰਟ ਨੋਟ ਕਰ ਧਾਰਨ ਕਰਨਾ ਚਾਹੀਦਾ ਹੈ। ਪੁਆਇੰਟਸ ਬੁੱਧੀ ਵਿਚ ਰਹਿਣੇ ਚਾਹੀਦੇ ਹਨ। ਕੰਨਿਆਵਾਂ ਦੀ ਬੁੱਧੀ ਤਾਂ ਚੰਗੀ ਹੁੰਦੀ ਹੈ। ਕੁਮਾਰੀ ਦੇ ਪੈਰ ਧੋਂਦੇ ਹਨ। ਹਨ ਤੇ ਕੁਮਾਰ ਅਤੇ ਕੁਮਾਰੀਆਂ ਦੋਵੇਂ ਪਵਿਤ੍ਰ। ਫਿਰ ਕੁਮਾਰੀ ਦਾ ਨਾਮ ਕਿਓਂ ਗਾਇਆ ਜਾਂਦਾ ਹੈ? ਕਿਉਂਕਿ ਤੁਹਾਡਾ ਹੁਣ ਦਾ ਜਿਹੜਾ ਨਾਮ ਹੈ ਕਿ ਕੰਨਿਆ ਉਹ ਜੋ 21 ਕੁੱਲ ਦਾ ਉਧਾਰ ਕਰੇ। ਤਾਂ ਤੁਹਾਡਾ ਇਹ ਨਾਮ ਚੱਲਿਆ ਆਇਆ ਹੈ। ਅਸੀਂ ਭਾਰਤ ਦੀ ਰੂਹਾਨੀ ਸੇਵਾ ਕਰਦੇ ਹਾਂ। ਸਾਡਾ ਉਸਤਾਦ ਮਦਦਗਾਰ ਪਰਮਪਿਤਾ ਪਰਮਾਤਮਾ ਸ਼ਿਵ ਹੈ। ਅਸੀਂ ਉਨ੍ਹਾਂ ਤੋਂ ਯੋਗਬਾਲ ਦੇ ਨਾਲ ਸ਼ਕਤੀ ਲੈਂਦੇ ਹਾਂ। ਜਿਸ ਨਾਲ 21 ਜਨਮ ਅਸੀ ਏਵਰ ਹੈਲਥੀ ਬਣਦੇ ਹਾਂ। ਇਹ ਗਰੰਟੀ ਹੈ। ਕਲਯੁਗ ਵਿਚ ਤੇ ਸਾਰੇ ਰੋਗੀ ਹਨ। ਉਮਰ ਵੀ ਘਟ ਹੈ। ਸਤਿਯੁਗ ਵਿਚ ਏਨੀ ਵੱਡੀ ਉਮਰ ਵਾਲੇ ਕਿਥੋਂ ਆਏ? ਇਹ ਰਾਜਯੋਗ ਨਾਲ ਏਨੀ ਵੱਡੀ ਆਯੂ ਵਾਲੇ ਬਣਦੇ ਹਾਂ। ਓਥੇ ਅਕਾਲੇ ਮ੍ਰਿਤੂ ਨਹੀਂ ਹੁੰਦੀ ਹੈ। ਇਕ ਸ਼ਰੀਰ ਛੱਡ ਦੂਜਾ ਲਿਆ ਜਾਂਦਾ ਹੈ। ਇਹ ਪੁਰਾਣੀ ਖਲ ਹੈ। ਸ਼ਿਵਬਾਬਾ ਦੀ ਯਾਦ ਵਿਚ ਰਹਿ ਦੇਹ ਸਹਿਤ ਦੇਹ ਦੇ ਸੰਬੰਧ ਨੂੰ ਭੁੱਲ ਜਾਣਾ ਹੈ। ਬੁੱਧੀ ਨਾਲ ਅਸੀਂ ਬੇਹੱਦ ਦਾ ਤਿਆਗ ਕਰਦੇ ਹਾਂ। ਸਾਡੀ ਬੁੱਧੀ ਯੋਗ ਦੀ ਯਾਤਰਾ ਹੈ। ਉਹ ਜਿਸਮਾਨੀ ਯਾਤਰਾ ਮਨੁੱਖ ਸਿਖਾਉਂਦੇ ਹਨ। ਬੁੱਧੀ ਦੀ ਯਾਤਰਾ ਬਾਪ ਦੇ ਸਿਵਾਏ ਕੋਈ ਸਿਖਾਉਣ ਵਾਲਾ ਨਹੀਂ ਹੈ। ਇਹ ਰਾਜਯੋਗ ਸਿੱਖਣ ਵਾਲੇ ਹੀ ਸਵਰਗ ਵਿਚ ਆਉਣਗੇ। ਹੁਣ ਫਿਰ ਤੋਂ ਸੇਪਲਿੰਗ ਲਗ ਰਿਹਾ ਹੈ। ਅਸੀਂ ਸਾਰੇ ਉਸ ਬਾਪ ਦੇ ਬੱਚੇ ਹਾਂ, ਸਾਨੂੰ ਬਚਿਆ ਨੂੰ ਸ਼ਿਵਬਾਬਾ ਕੋਲੋਂ ਵਰਸਾ ਮਿਲਦਾ ਹੈ। ਇਹ ਦਾਦਾ ਵੀ ਸ਼ਿਵਬਾਬਾ ਤੋਂ ਵਰਸਾ ਲੈਂਦੇ ਹਨ। ਤੁਸੀਂ ਵੀ ਬੇਹੱਦ ਦੇ ਬਾਪ ਤੋਂ ਵਰਸਾ ਲਵੋ ਇਹ ਵੱਡਾ ਹਸਪਤਾਲ ਹੈ। ਅਸੀਂ 21 ਜਨਮ ਦੇ ਲਈ ਫਿਰ ਕਦੇ ਰੋਗੀ ਨਹੀਂ ਬਣਾਂਗੇ। ਅਸੀਂ ਭਾਰਤ ਦੀ ਸੱਚੀ ਸੇਵਾ ਕਰ ਰਹੇ ਹਾਂ। ਇਸਲਈ ਗਾਇਨ ਹੈ ਸ਼ਿਵ ਸ਼ਕਤੀ ਸੈਨਾ।

ਹੁਣ ਬਾਪ ਕਹਿੰਦੇ ਹਨ ਯਾਦ ਨਾਲ ਆਪਣੇ ਵਿਕਰਮ ਵਿਨਾਸ਼ ਕਰੋ। ਤਾਂ ਆਤਮਾ ਸ਼ੁੱਧ ਬਣ ਜਾਵੇਗੀ। ਗਿਆਨ ਨੂੰ ਧਾਰਨ ਕਰਨ ਨਾਲ ਤੁਸੀਂ ਚਕ੍ਰਵਰਤੀ ਰਾਜਾ ਬਣ ਜਾਓਗੇ। ਅਸੀਂ ਪਵਿੱਤਰ ਬਣਾਂਗੇ ਤਾ ਲਕਸ਼ਮੀ ਨਰਾਇਣ ਨੂੰ ਵਰਾਂਗੇ। ਸਰਵਗੁਣ, ਸੰਪੰਨ, 16 ਕਲਾ ਸੰਪੂਰਨ ਨਿਰਵਕਾਰੀ ਇਥੇ ਨਹੀਂ ਬਣਾਂਗੇ ਤਾਂ ਲਕਸ਼ਮੀ ਨਰਾਇਣ ਨੂੰ ਕਿਵੇਂ ਵਰਾਂਗੇ? ਇਸਲਈ ਕਿਹਾ ਜਾਂਦਾ ਹੈ ਸ਼ੀਸ਼ੇ ਵਿਚ ਆਪਣੇ ਆਪ ਨੂੰ ਵੇਖੋ -ਕਿ ਲਕਸ਼ਮੀ - ਨਰਾਇਣ ਨੂੰ ਵਰਨ ਦੇ ਲਾਇਕ ਬਣੇ ਹੋ? ਪੂਰਾ ਨਸ਼ਟੋਮੋਹਾ ਨਹੀਂ ਬਣਾਂਗੇ ਤਾਂ ਲਕਸ਼ਮੀ- ਨਰਾਇਣ ਨੂੰ ਵਰ ਨਹੀਂ ਸਕਦੇ। ਫਿਰ ਪਰਜਾ ਵਿਚ ਜਾਵਾਂਗੇ। ਸ਼ਿਵਬਾਬਾ ਨੂੰ ਵੀ ਪਰਮਧਾਮ ਤੋਂ ਆਉਣਾ ਪੈਂਦਾ ਹੈ। ਜਰੂਰ ਪਤਿਤ ਦੁਨੀਆ ਵਿਚ ਆਉਣ ਤਾਂ ਪਾਵਨ ਬਣਾ ਕੇ ਲੈ ਜਾਣ ਇਥੇ ਅਸੀਂ ਪਰਹੇਜ ਬਹੁਤ ਰੱਖਦੇ ਹਾਂ। ਸਾਡੀ ਇਕ ਅੱਖ ਵਿਚ ਸਵੀਟ ਹੋਮ ਅਤੇ ਇਕ ਅੱਖ ਵਿਚ ਰਾਜਧਾਨੀ ਹੈ। ਸਾਡਾ ਤਿਆਗ ਸਾਰੀ ਦੁਨੀਆ ਦਾ ਹੈ। ਘਰ ਗ੍ਰਹਿਸਤ ਵਿਚ ਰਹਿ ਕੇ ਕਮਲ ਫੁੱਲ ਸਮਾਨ ਪਵਿੱਤਰ ਬਣਦੇ ਹਾਂ। ਬੁੱਢੇ ਸਮਝਦੇ ਹਨ- ਵਾਨਪ੍ਰਸਥ ਅਵਸਥਾ ਹੈ ਚੱਲੋ ਮੁਕਤੀਧਾਮ ਲਈ ਪੁਰਸ਼ਾਰਥ ਕਰੀਏ। ਇਸ ਵਕਤ ਸਭ ਦੀ ਵਾਨਪ੍ਰਸਥ ਅਵਸਥਾ ਹੈ। ਹਰੇਕ ਨੂੰ ਹੱਕ ਹੈ ਬਾਪ ਤੋਂ ਵਰਸਾ ਲੈਣ ਦਾ। ਦੁੱਖਧਾਮ ਨੂੰ ਭੁੱਲ ਜਾਣਾ ਹੈ। ਇਹ ਹੈ ਬੁੱਧੀ ਤੋਂ ਤਿਆਗ। ਅਸੀਂ ਪੁਰਾਣੀ ਦੁਨੀਆ ਨੂੰ ਬੁੱਧੀ ਤੋਂ ਭੁੱਲ ਨਵੀ ਦੁਨੀਆ ਨੂੰ ਯਾਦ ਕਰਦੇ ਹਾਂ। ਫਿਰ ਅੰਤ ਮਤੀ ਸੋ ਗਤੀ ਹੋ ਜਾਂਦੀ ਹੈ। ਇਹ ਸਭ ਤੋਂ ਵੱਡੀ ਗੌਡ ਫਾਦਰਲੀ ਯੂਨੀਵਰਸਿਟੀ ਹੈ। ਭਗਵਾਨੁਵਾਚ -ਮੈਂ ਰਾਜਯੋਗ ਸਿਖਾ ਕੇ ਮਨੁੱਖ ਤੋਂ ਦੇਵਤਾ ਬਣਾਉਂਦਾ ਹਾਂ। ਇਵੇਂ - ਇਵੇਂ ਸਮਝਾਉਣਾ ਚਾਹੀਦਾ ਹੈ। ਬੋਲੋ, ਅਸੀਂ ਜੋ ਸਮਝਾਉਂਦੇ ਹਾਂ ਉਹ ਬੈਠ ਕੇ ਸੁਣੋ। ਵਿੱਚੋ ਦੀ ਪ੍ਰਸ਼ਨ ਪੁੱਛਣ ਨਾਲ ਉਹ ਪ੍ਰਵਾਹ ਟੁੱਟ ਜਾਂਦਾ ਹੈ। ਅਸੀਂ ਤੁਹਾਨੂੰ ਸਾਰੀ ਸ੍ਰਿਸ਼ਟੀ ਚੱਕਰ ਦਾ ਰਾਜ਼ ਸਮਝਾਉਂਦੇ ਹਾਂ। ਸ਼ਿਵਬਾਬਾ ਦਾ ਡਰਾਮਾ ਵਿਚ ਕੀ ਪਾਰਟ ਹੈ, ਲਕਸ਼ਮੀ-ਨਰਾਇਣ ਕੌਣ ਹਨ, ਅਸੀਂ ਸਭ ਦੀ ਜੀਵਨ ਕਹਾਣੀ ਦੱਸਾਂਗੇ। ਹਰੇਕ ਦੀ ਨਬਜ ਦੇਖਣੀ ਚਾਹੀਦੀ ਹੈ। ਉਸ ਵਕਤ ਉਸ ਦੀ ਵਿਰਤੀ ਦੇਖਣੀ ਚਾਹੀਦੀ ਹੈ- ਠੀਕ ਸੁਣਦਾ ਹੈ, ਔਖਾ ਹੋਕੇ ਤੇ ਨਹੀਂ ਬੈਠਾ ਹੈ? ਇਧਰ-ਉਧਰ ਤੇ ਨਹੀਂ ਦੇਖਦਾ ਹੈ। ਇਥੇ ਬਾਬਾ ਹੀ ਵੇਖਦੇ ਹਨ - ਕੌਣ ਸਾਮਣੇ ਸੁਣ ਕੇ ਝੂਮਦੇ ਹਨ। ਇਹ ਗਿਆਨ ਦਾ ਡਾਂਸ ਹੈ। ਉਹ ਸਕੂਲ ਤੇ ਛੋਟੇ ਹੁੰਦੇ ਹਨ, ਜਿਥੇ ਟੀਚਰ ਚੰਗੀ ਤਰ੍ਹਾਂ ਦੇਖ ਸਕਣ ਅਤੇ ਨੰਬਰਵਾਰ ਬਿਠਾਉਣ, ਇਥੇ ਤਾ ਬਹੁਤ ਹਨ, ਨੰਬਰਵਾਰ ਬਿਠਾ ਨਹੀਂ ਸਕਦੇ। ਤਾਂ ਦੇਖਣਾ ਪੈਂਦਾ ਹੈ - ਕਿਸੇ ਦੀ ਬੁੱਧੀ ਕਿਧਰੇ ਭੱਜਦੀ ਦੀ ਤੇ ਨਹੀਂ ਹੈ? ਖੁਸ਼ੀ ਦਾ ਪਾਰਾ ਚੜਦਾ ਹੈ? ਧਿਆਨ ਨਾਲ ਸੁਣਦਾ ਹੈ? ਦਾਨ ਸਦਾ ਪਾਤਰ ਨੂੰ ਦੇਣਾ ਚਾਹੀਦਾ ਹੈ। ਫਾਲਤੂ ਸਮਾ ਵੇਸਟ ਨਹੀਂ ਕਰਨਾ ਚਾਹੀਦਾ ਹੈ। ਨਬਜ ਦੇਖਣ ਦੀ ਵੀ ਸਮਝ ਚਾਹੀਦੀ ਹੈ। ਮਨੁੱਖ ਤਾਂ ਡਰਦੇ ਹਨ - ਖਾਸ ਸਿੰਧੀ ਲੋਕ ਸਮਝਦੇ ਹਨ ਕਿਤੇ ਬੀ. ਕੇ. ਜਾਦੂ ਨਾ ਲਗਾ ਦੇਣ। ਇਸਲਈ ਸਾਮਣੇ ਦੇਖਦੇ ਵੀ ਨਹੀਂ ਹਨ।

ਸ਼ਿਵਬਾਬਾ ਸਮਝਾਉਂਦੇ ਹਨ - ਤੁਸੀਂ ਬ੍ਰਾਹਮਣ ਹੀ ਤ੍ਰਿਕਾਲਦਰਸ਼ੀ ਬਣਦੇ ਹੋ। ਫਿਰ ਵਰਣਾਂ ਦਾ ਰਾਜ਼ ਵੀ ਸਮਝਣ ਵਾਲਾ ਹੈ। ਹਮ ਸੋ ਦਾ ਅਰਥ ਵੀ ਸਮਝਾਉਣਾ ਹੈ। ਹਮ ਆਤਮਾ ਸੋ ਪਰਮਾਤਮਾ ਕਹਿਣਾ ਗ਼ਲਤ ਹੈ। ਕੋਈ ਫਿਰ ਬ੍ਰਹਮ ਨੂੰ ਮੰਨਣ ਵਾਲੇ ਹਨ। ਕਹਿੰਦੇ ਹਨ ਅਹਿਮ ਬ੍ਰਹਮ ਅਸਮੀ। ਮਾਇਆ ਤਾਂ 5 ਵਿਕਾਰ ਹਨ। ਅਸੀਂ ਬ੍ਰਹਮ ਨੂੰ ਮਨਦੇ ਹਾਂ। ਹੁਣ ਬ੍ਰਹਮ ਤਾਂ ਮਹਾਤੱਤਵ ਹੈ, ਜੋ ਸਾਡਾ ਨਿਵਾਸ ਸਥਾਨ ਹੈ। ਜਿਵੇਂ ਹਿੰਦੁਸਤਾਨ ਵਿਚ ਰਹਿਣ ਵਾਲਾ ਆਪਣਾ ਧਰਮ ਹਿੰਦੂ ਕਹਿ ਦਿੰਦੇ ਹਨ। ਓਸੇ ਤਰ੍ਹਾਂ ਉਹ ਵੀ ਕਹਿ ਦਿੰਦੇ ਹਨ ਕਿ ਅਸੀਂ ਬ੍ਰਹਮ ਹੈ। ਬਾਪ ਦੀ ਮਹਿਮਾ ਵੱਖ ਹੈ। ਸਰਵਗੁਣ ਸੰਪੰਨ, 16 ਕਲਾ ਸੰਪੂਰਨ। ਇਹ ਮਹਿਮਾ ਦੇਵਤਾਵਾਂ ਦੀ ਹੈ। ਆਤਮਾ ਜਦੋ ਸ਼ਰੀਰ ਦੇ ਨਾਲ ਹੈ ਤਾਂ ਉਸਦੀ ਮਹਿਮਾ ਹੈ। ਆਤਮਾ ਹੀ ਪਤਿਤ ਮਤਲਬ ਫਿਰ ਤੋਂ ਪਾਵਨ ਬਣਦੀ ਹੈ। ਆਤਮਾ ਨੂੰ ਨਿਰਲੇਪ ਨਹੀਂ ਕਹਿ ਸਕਦੇ। ਏਨੀ ਛੋਟੀ ਜਿਹੀ ਆਤਮਾ ਵਿਚ 84 ਜਨਮਾ ਦਾ ਪਾਰਟ ਹੈ, ਉਸਨੂੰ ਫਿਰ ਨਿਰਲੇਪ ਕਿਵੇਂ ਕਹਾਂਗੇ?

ਹੁਣ ਬਾਬਾ ਸ਼ਾਂਤੀ ਸਥਾਪਨ ਕਰਦੇ ਹਨ ਤਾਂ ਤੁਸੀਂ ਬੱਚੇ ਬਾਬਾ ਨੂੰ ਕੀ ਪ੍ਰਾਈਜ਼ ਦਿੰਦੇ ਹੋ? ਉਹ ਤੁਹਾਨੂੰ 21 ਜਨਮ ਸਵਰਗ ਦੀ ਰਾਜਧਾਨੀ ਦੀ ਪ੍ਰਾਈਜ਼ ਦਿੰਦੇ ਹਨ। ਤੁਸੀਂ ਬਾਬਾ ਨੂੰ ਕੀ ਦਿੰਦੇ ਹੋ? ਜੋ ਜਿੰਨੀ ਪ੍ਰਾਈਜ਼ ਬਾਬਾ ਨੂੰ ਦਿੰਦੇ ਹਨ ਓਨੀ ਫਿਰ ਬਾਬਾ ਤੋਂ ਲੈਂਦੇ ਹਨ। ਪਹਿਲੇ - ਪਹਿਲੇ ਇਸਨੇ ਪ੍ਰਾਈਜ਼ ਦਿੱਤਾ। ਸ਼ਿਵਬਾਬਾ ਤੇ ਦਾਤਾ ਹੈ। ਰਾਜੇ ਲੋਕ ਕਦੇ ਹੱਥ ਵਿਚ ਇਵੇਂ ਲੈਂਦੇ ਨਹੀਂ ਹਨ। ਉਨ੍ਹਾਂ ਨੂੰ ਅੰਨ ਦਾਤਾ ਕਿਹਾ ਜਾਂਦਾ ਹੈ। ਮਨੁੱਖ ਨੂੰ ਦਾਤਾ ਨਹੀਂ ਕਹਿ ਸਕਦੇ। ਚਾਹੇ ਤੁਸੀਂ ਸੰਨਿਆਸੀਆਂ ਆਦਿ ਨੂੰ ਦਿੰਦੇ ਹੋ ਪਰੰਤੂ ਰਿਟਰਨ ਤਾਂ ਸ਼ਿਵਬਾਬਾ ਦਿੰਦੇ ਹਨ। ਕਹਿੰਦੇ ਹਨ ਸਭ ਕੁਝ ਈਸ਼ਵਰ ਨੇ ਦਿੱਤਾ, ਈਸ਼ਵਰ ਹੀ ਲੈ ਲੈਂਦੇ ਹਨ, ਫਿਰ ਕੋਈ ਮਰਦਾ ਤਾਂ ਰੋਂਦੇ ਕਿਓਂ ਹੋ? ਪਰੰਤੂ ਨਾ ਉਹ ਲੈਂਦੇ ਹਨ ਨਾ ਉਹ ਦਿੰਦੇ ਹਨ। ਉਹ ਤਾ ਲੌਕਿਕ ਮਾਂ-ਬਾਪ ਜਨਮ ਦਿੰਦੇ ਹਨ। ਫਿਰ ਕੋਈ ਮਰ ਜਾਂਦਾ ਹੈ ਤਾਂ ਉਨ੍ਹਾਂ ਨੂੰ ਦੁੱਖ ਹੁੰਦਾ ਹੈ। ਜੇਕਰ ਈਸ਼ਵਰ ਨੇ ਦਿੱਤਾ ਈਸ਼ਵਰ ਨੇ ਲੈ ਲਿਆ ਤਾਂ ਦੁੱਖ ਨਹੀਂ ਹੋਣਾ ਚਾਹੀਦਾ। ਬਾਬਾ ਕਹਿੰਦੇ ਮੈਂ ਸੁਖ-ਦੁੱਖ ਤੋਂ ਨਿਆਰਾ ਹਾਂ। ਤਾਂ ਇਸ ਦਾਦਾ ਨੇ ਆਪਣਾ ਸਭ ਕੁਝ ਦੇ ਦਿੱਤਾ ਹੈ ਇਸਲਈ ਫੁੱਲ ਪ੍ਰਾਈਜ਼ ਵੀ ਲੈ ਰਹੇ ਹਨ। ਕੰਨਿਆਵਾ ਦੇ ਕੋਲ ਤੇ ਕੁਝ ਹੈ ਨਹੀਂ। ਜੇਕਰ ਉਨ੍ਹਾਂ ਨੂੰ ਮਾਂ-ਬਾਪ ਦਿੰਦੇ ਹਨ ਫਿਰ ਉਹ ਸ਼ਿਵਬਾਬਾ ਨੂੰ ਦੇ ਸਕਦੀਆਂ ਹਨ। ਜਿਵੇਂ ਮੰਮਾ ਗਰੀਬ ਸੀ। ਫਿਰ ਦੇਖੋ ਕਿੰਨੀ ਤਿੱਖੀ ਗਈ। ਤਨ - ਮਨ - ਧਨ ਨਾਲ ਸੇਵਾ ਕਰ ਰਹੀ ਹੈ।

ਤੁਸੀਂ ਜਾਣਦੇ ਹੋ ਅਸੀਂ ਸੁਖਧਾਮ ਜਾਂਦੇ ਹਾਂ ਵਾਇਆ ਸ਼ਾਂਤੀਧਾਮ। ਜਦੋ ਤੱਕ ਅਸੀਂ ਸ਼ਾਂਤੀਧਾਮ ਨਹੀਂ ਜਾਵਾਂਗੇ। ਤਾਂ ਸਸੁਰਘਰ ਕਿਵੇਂ ਆਵਾਂਗੇ? ਪਿਅਰਘਰ ਵਿਚ ਬੈਠੇ ਹਾਂ। ਪਹਿਲੇ ਬਾਪ ਕੋਲ ਆਵਾਂਗੇ ਫਿਰ ਸਸੁਰਘਰ ਜਾਵਾਂਗੇ। ਇਹ ਹੈ ਸ਼ੋਕ ਵਾਟਿਕਾ ਸਤਿਯੁਗ ਹੈ ਅਸ਼ੋਕ ਵਾਟਿਕਾ। ਅੱਛਾ।

ਮਿੱਠੇ -2 ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

**1** ਇਸ ਵਾਨਪ੍ਰਸਥ ਅਵਸਥਾ ਵਿਚ ਸਵੀਟ ਹੋਮ ਅਤੇ ਸਵੀਟ ਰਾਜਧਾਨੀ ਨੂੰ ਯਾਦ ਕਰਨ ਦੇ ਸਿਵਾਏ ਬੁੱਧੀ ਤੋਂ ਸਭ ਕੁਝ ਭੁੱਲ ਜਾਣਾ ਹੈ। ਪੂਰਾ ਨਸ਼ਟੋਮੋਹਾ ਬਣਨਾ ਹੈ।

**2** ਬੁੱਧੀ ਯੋਗ ਤੋਂ ਬੇਹੱਦ ਦਾ ਤਿਆਗ ਕਰ ਰੂਹਾਨੀ ਯਾਤਰਾ ਕਰਨੀ ਹੈ। ਸ਼੍ਰੀਮਤ ਤੇ ਪਵਿੱਤਰ ਬਣ ਭਾਰਤ ਦੀ ਸੇਵਾ ਕਰਨੀ ਹੈ।

ਵਰਦਾਨ:- ਸ੍ਰੇਸ਼ਠ ਕਰਮ ਰੂਪੀ ਡਾਲੀ ਵਿੱਚ ਲਟਕਣ ਦੀ ਬਜਾਏ ਉੱਡਦੇ ਪੰਛੀ ਬਣਨ ਵਾਲੇ ਹੀਰੋ ਪਾਰਟਧਾਰੀ ਭਵ।

ਸੰਗਮਜੁਗ ਤੇ ਜੋ ਸ੍ਰੇਸ਼ਠ ਕਰਮ ਕਰਦੇ ਹਨ, ਇਹ ਸ੍ਰੇਸ਼ਠ ਕਰਮ ਹੀਰੇ ਦੀ ਡਾਲੀ ਹੈ। ਸੰਗਮਯੁੱਗ ਦਾ ਕਿਵੇਂ ਦਾ ਵੀ ਸ੍ਰੇਸ਼ਠ ਕਰਮ ਹੋਵੇ ਲੇਕਿਨ ਸ੍ਰੇਸ਼ਠ ਕਰਮ ਦੇ ਬੰਧਨ ਵਿੱਚ ਵੀ ਫਸਣਾ ਜਾਂ ਹੱਦ ਦੀ ਕਾਮਨਾ ਰੱਖਣਾ - ਉਹ ਸੋਨੇ ਦੀ ਜੰਜੀਰ ਹੈ। ਇਸ ਸੋਨੇ ਦੀ ਜੰਜੀਰ ਅਤੇ ਹੀਰੇ ਦੀ ਡਾਲੀ ਤੇ ਵੀ ਲਟਕਣਾ ਨਹੀਂ ਹੈ ਕਿਉਂਕਿ ਬੰਧਨ ਤੇ ਬੰਧਨ ਹੈ ਇਸਲਈ ਬਾਪਦਾਦਾ ਸਾਰੇ ਉੱਡਦੇ ਪੰਛੀਆਂ ਨੂੰ ਸਮ੍ਰਿਤੀ ਦਵਾਉਂਦੇ ਹਨ ਕਿ ਸ੍ਰਵ ਬੰਧਨਾਂ ਮਤਲਬ ਹੱਦਾਂ ਨੂੰ ਪਾਰ ਕਰ ਹੀਰੋ ਪਾਰਧਾਰੀ ਬਣੋ।

ਸਲੋਗਨ:- ਅੰਦਰ ਦੀ ਸਥਿਤੀ ਦਾ ਦਰਪਣ ਚੇਹਰਾ ਹੈ, ਚੇਹਰਾ ਕਦੇ ਖੁਸ਼ਕ ਨਾ ਹੋਵੇ, ਖੁਸ਼ੀ ਦਾ ਹੋਵੇ।

******